ਮਤਾ ਨੰਬਰ:- 108

ਵਿਸ਼ਾ :- ਨਗਰ ਨਿਗਮ ਜਲੰਧਰ ਵਲੋਂ ਦਿਆਲਪੁਰ ਵਿਖੇ ਗਊਸ਼ਾਲਾ ਦੀ ਉਸਾਰੀ ਕਰਨ ਸਬੰਧੀ ।

ਪੜਿਆ ਨੋਟ ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਜਿਸ ਦੀ ਸਿ਼ਫਾਰਸ਼ ਨਿਗਰਾਨ ਇੰਜੀਨੀਅਰ (ਬੀ.ਐਂਡ ਆਰ) ਨੇ ਕੀਤੀ ਹੈ ਕਿ ਜਲੰਧਰ ਸ਼ਹਿਰ ਵਿਖੇ ਅਵਾਰਾ ਡੰਗਰਾ ਦੀ ਬਹੁਤ ਵੱਡੀ ਸਮੱਸਿਆ ਹੈ । ਜਿਸ ਕਰਕੇ ਆਮ ਪਬਲਿਕ ਦੀ ਜਾਨ ਮਾਲ ਨੂੰ ਖਤਰਾ ਬਣਇਆ ਹੋਇਆ ਹੈ । ਮਾਨਯੋਗ ਸਥਾਨਕ ਸਰਕਾਰ ਮੰਤਰੀ ਜੀ ਨੂੰ ਇਹਨਾਂ ਅਵਾਰਾ ਡੰਗਰਾ ਸਬੰਧੀ ਬਾਰ-ਬਾਰ ਸ਼ਿਕਾਇਤਾ ਮਿਲ ਰਹੀਆਂ ਸਨ । ਨਗਰ ਨਿਗਮ ਜਲੰਧਰ ਕੋਲ ਇਹਨਾਂ ਅਵਾਰਾ ਡੰਗਰਾ ਨੂੰ ਸੰਭਾਲਣ ਲਈ ਕੋਈ ਵੀ ਪ੍ਰਬੰਧ ਨਹੀ ਹੈ। ਸਮੱਸਿਆ ਦੀ ਗੰਭੀਰਤਾ ਨੂੰ ਦੇਖਦੇ ਹੋਏ ਮਾਨਯੋਗ ਸਥਾਨਕ ਸਰਕਾਰ ਮੰਤਰੀ ਜੀ ਵਲੋਂ ਗਊਸ਼ਾਲਾ ਬਣਾਉਣ ਲਈ ਪਿੰਡ ਦਿਆਲਪੁਰ (ਕਰਤਾਰਪੁਰ) ਵਿੱਚ ਜਗ੍ਹਾਂ ਉਪਲਬਧ ਕਰਵਾਈ ਗਈ ਹੈ । ਨਗਰ ਨਿਗਮ ਜਲੰਧਰ ਵਲੋਂ ਆਪਣੇ ਮਤਾ ਨੰ. 90 ਮਿਤੀ- 30.08.2023 ਰਾਹੀ ਫੈਸਲਾ ਲਿਆ ਗਿਆ ਸੀ ਕਿ ਨਗਰ ਕੌਂਸਲ ਕਰਤਾਰਪੁਰ ਵਲੋਂ ਦਿਆਲਪੁਰ ਵਿਖੇ ਗਊਸ਼ਾਲਾ ਦੀ ਉਸਾਰੀਕੀਤੀ ਜਾਣੀ ਹੈ " **ਗਊਸ਼ਾਲਾ ਬਣਾਉਣ ਵਾਸਤੇ ਜੋ ਰੁਪਏ 2 ਕਰੋੜ ਖਰਚ ਕੀਤੇ ਜਾਣੇ ਹਨ ,ਉਸ ਲਈ ਰੁਪਏ 1.50 ਕਰੋੜ ਨਗਰ ਨਿਗਮ ਜਲੰਧਰ ਵਲੋਂ ਅਤੇ ਰੁਪਏ 50 ਲੱਖ ਨਗਰ ਕੌਂਸਲ ਕਰਤਾਰਪੁਰ ਵਲੋਂ ਖਰਚ ਕੀਤੇ ਜਾਣਗੇ"।** ਮਿਤੀ- 20.09.2023 ਨੂੰ ਮਾਨਯੋਗ ਮੰਤਰੀ ਜੀ ਸਥਾਨਕ ਸਰਕਾਰਾਂ ਪੰਜਾਬ, ਅਤੇ ਪ੍ਰਮੁੱਖ ਸਕਤਰ ਜੀ ਸਥਾਨਕ ਸਰਕਾਰਾਂ ਪੰਜਾਬ ਵਲੋਂ ਵੀਡਿਓ ਕਾਨਫਰੰਸ ਰਾਹੀ ਪੰਜਾਬ ਲੈਵਲ ਦੀ ਮੀਟਿੰਗ ਕੀਤੀ ਗਈ , ਜਿਸ ਵਿੱਚ ਇਹ ਫੈਸਲਾ ਲਿਤਾ ਗਿਆ ਕਿ ਦਿਆਲਪੁਰ ਵਿਖੇ ਜੋ ਗਊਸ਼ਾਲਾ ਦੀ ਉਸਾਰੀ ਕੀਤੀ ਜਾਣੀ ਹੈ ਉਸ ਦੇ ਲਈ ਨਗਰ ਨਿਗਮ ਜਲੰਧਰ ਵਲੋਂ ਹੀ ਰੁਪਏ 217.85 ਲੱਖ ਖਰਚ ਕੀਤੇ ਜਾਣਗੇ ਅਤੇ ਇਸ ਦੇ ਟੈਂਡਰ ਵੀ ਨਗਰ ਨਿਗਮ ਜਲੰਧਰ ਵਲੋਂ ਹੀ ਆਪਣੇ ਪਧੱਰ ਤੇ ਲਗਾਏ ਜਾਣਗੇ । ਗਊਸ਼ਾਲਾ ਦੀ ਉਸਾਰੀ ਉਪਰੰਤ ਇਸ ਵਿੱਚ ਸਿਰਫ ਨਗਰ ਨਿਗਮ ਜਲੰਧਰ ਵਲੋਂ ਹੀ ਅਵਾਰਾ ਡੰਗਰ ਰੱਖੇ ਜਾਣਗੇ ।

ਉਪਰੋਕਤ ਤਥਾਂ ਨੂੰ ਮੁੱਖ ਰਖਦੇ ਹੋਏ ਕਿਓ ਜੋ ਇਸ ਵੇਲੇ ਨਗਰ ਨਿਗਮ ਜਲੰਧਰ ਵਿਖੇ ਹਾਊਸ ਦੀ ਮਿਆਦ ਖਤਮ ਹੋ ਚੁੱਕੀ ਹੈ,ਅਤੇ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰ: 2.01.2023-5lg1/68 dated 25.01.2023 ਅਨੁਸਾਰ ਜਦੋਂ ਤਕ ਨਵਾ ਹਾਊਸ ਨਹੀ ਬਣਦਾ ਉਦੋਂ ਤੱਕ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 407 ਏ ਉਪਧਾਰਾ (1) ਤਹਿਤ ਨਗਰ ਨਿਗਮ ਹਾਊਸ ਦੀਆਂ ਉਕਤ ਐਕਟ ਵਿੱਚ ਦਰਜ ਸਾਰੀਆਂ ਸ਼ਕਤੀਆਂ ਦਾ ਇਸਤੇਮਾਲ ਕਰਨ ਦਾ ਅਧਿਕਾਰ ਮਾਨਯੋਗ ਕਮਿਸ਼ਨਰ ਜੀ ਨੂੰ ਦਿੱਤਾ ਗਿਆ ਹੈ ।ਇਸ ਕਾਰਨ ਮਤਾ ਪਾਉਣ ਦਾ ਅਧਿਕਾਰ ਮਾਨਯੋਗ ਐਡਮਿਨਸਟਰੈਟਰ ਜੀ (ਕਮਿਸ਼ਨਰ ਜੀ) ਪਾਸ ਹੈ । ਇਥੇ ਇਹ ਵੀ ਲਿਖਿਆ ਜਾਂਦਾ ਹੈ ਕਿ ਕਿਉ ਜੋ ਇਹ ਗਊਸ਼ਾਲਾ ਦਿਆਲਪੁਰ (ਕਰਤਾਰਪੁਰ) ਵਿਖੇ ਬਣਾਈ ਜਾਣੀ ਹੈ ਅਤੇ ਇਹ ਥਾਂ ਨਗਰ ਨਿਗਮ ਜਲੰਧਰ ਦੀ ਹਦੂਦ ਤੋਂ ਬਾਹਰ ਹੈ, ਇਸ ਲਈ ਨਗਰ ਨਿਗਮ ਐਕਟ 1976 ਧਾਰਾ 82(3) ਅਧੀਨ ਸਰਕਾਰ ਤੋਂ ਪ੍ਰਵਾਨਗੀ ਲੈ ਕੇ ਹੀ ਕਰਵਾਇਆ ਜਾ ਸਕਦਾ ਹੈ । ਇਸ ਲਈ ਗਊਸ਼ਾਲਾ ਦੀ ਉਸਾਰੀ ਲਈ ਮਤਾ ਨੰ. 90 ਮਿਤੀ- 30.08.2023 ਦੀ ਲਗਾਤਾਰਤਾ ਵਿੱਚ ਤਖਮੀਨੇ ਮੁਤਾਬਕ ਰੁਪਏ 217.85 ਲੱਖ ਦੀ ਤਖਮੀਨਾ ਰਾਸ਼ੀ ਪ੍ਰਵਾਨ ਕਰਨ ਲਈ ਮਤਾ ਪਾਉਣ, ਸਰਕਾਰ ਦੇ ਨਗਰ ਨਿਗਮ ਐਕਟ 1976 ਧਾਰਾ 82(3)ਅਧੀਨ ਪ੍ਰਵਾਨਗੀ ਲੈਣ ਅਤੇ ਟੈਂਡਰ ਲਗਾਉਣ ਦੀ ਪ੍ਰਵਾਨਗੀ ਹਿੱਤ ਰਿਪੋਰਟ ਪੇਸ਼ ਹੈ ਜੀ । ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖਰ ਕੀਤੇ ਹਨ।

ਤਜਵੀਜ ਮਾਨਯੋਗ ਐਡਮਿਨਿਸਟ੍ਰੇਟਰ ਜੀ ਦੀ ਪ੍ਰਵਾਨਗੀ ਹਿੱਤ ਪੇਸ ਹੈ ਜੀ ।

ਫੈਸਲਾ:
ਪ੍ਰਵਾਨ ਹੈ ।
ਸਹੀ/-ਰਿਸ਼ੀਪਾਲ ਸਿੰਘ, ਆਈ.ਏ.ਐਸ.
ਐਡਮਿਨਿਸਟ੍ਰੇਟਰ
ਨਗਰ ਨਿਗਮ, ਜਲੰਧਰ
21.9.2023